ਪ੍ਰੀਤ ਲੜੀ ਸੀਰੀਜ਼ ਪ੍ਰੀਤ ਨਗਰ

G. 232

# ਮਨੋਹਰ ਸ਼ਖ਼ਸੀਅਤ

ਗੁਰਬਖ਼ਸ਼ ਸਿੰਘ

31578

ਪਹਿਲੀ ਐਡੀਸ਼ਨ ਜੂਨ – ੧੯੪੩
ਦੂਜੀ ਐਡੀਸ਼ਨ ਜੁਲਾਈ – ੧੯੪੪

Printed and Published by Gur Bakhsh Singh at the
Preet Sainik Press Preet Nagar, Distt Amritsar.

# ਪਰਵੇਸ਼

ਇਹ ਖ਼ਿਆਲ ਹਿੰਦੁਸਤਾਨ ਵਿਚ ਬੜਾ ਆਮ ਹੈ, ਕਿ ਏਥੇ ਸਿਫ਼ਾਰਸ਼ ਨਾਲ ਹੀ ਸਭ ਕੰਮ ਕਰਾਏ ਜਾ ਸਕਦੇ ਹਨ। ਨੌਕਰੀ ਲੈਣੀ ਹੋਵੇ, ਤਾਂ ਲੋਕ ਸਿਫ਼ਾਰਸ਼ ਕਰ ਸਕਣ ਵਾਲੇ ਵਾਕਿਫ਼ ਨਾ-ਵਾਕਿਫ਼ ਵਸੀਲੇ ਨੂੰ ਢੂੰਡਦੇ ਹਨ, ਮੰਗਣੀ ਕਰਾਣੀ ਹੋਵੇ, ਕਿਸੇ ਪ੍ਰਸਿੱਧ ਸ਼ਖ਼ਸ ਨੂੰ ਮਿਲਣ ਜਾਣਾ ਹੋਵੇ, ਕਿਸੇ ਸਕੂਲ ਕਾਲਿਜ ਵਿਚ ਦਾਖ਼ਲਾ ਲੈਣਾ ਹੋਵੇ, ਸਿਫ਼ਾਰਸ਼ ਦਾ ਖ਼ਿਆਲ ਸਭ ਤੋਂ ਪਹਿਲਾਂ ਆਉਂਦਾ ਹੈ।

ਇਸ ਦਾ ਕਾਰਨ ਇਹ ਹੈ, ਕਿ ਏਥੇ ਸ਼ਖ਼ਸੀਅਤ ਦੀ ਜਾਦੂਗਰੀ ਦਾ ਗਿਆਨ ਬਹੁਤ ਹੀ ਘਟ ਹੈ। ਕਈਆਂ ਦੇ ਕੋਲ ਕੋਈ ਸ਼ਖ਼ਸੀਅਤ ਨਹੀਂ ਹੁੰਦੀ, ਪਰ ਉਹਨਾਂ ਦੇ ਵਿਆਹ ਬੜੀਆਂ ਚੰਗੀਆਂ ਕੁੜੀਆਂ ਨਾਲ ਹੋ ਜਾਂਦੇ ਹਨ। ਕਈਆਂ ਕੋਲ ਕੌਢੀ ਜਿੰਨਾ ਪ੍ਰਭਾਵ ਨਹੀਂ ਹੁੰਦਾ, ਝੱਲੇ, ਨੀਮ ਸੁਦਾਈ ਹਿਸਟੈਰਿਕ ਹੁੰਦੇ ਹਨ, ਤਾਂ ਵੀ ਚੰਗੇ ਹੁਦਿਆਂ ਤੇ ਨੀਯਤ ਕੀਤੇ ਜਾਂਦੇ ਹਨ, ਕੌਂਸਲਾਂ ਅਸੈਂਬਲੀਆਂ ਦੇ ਮੈਂਬਰ ਬਣਾ ਦਿੱਤੇ ਜਾਂਦੇ ਹਨ।

ਇਸ ਤਰ੍ਹਾਂ ਦੀਆਂ ਗ਼ਲਤ ਕੀਮਤਾਂ ਨਾਲ ਅਸਲੀ ਸੌਦੇ ਨਹੀਂ ਖ਼ਰੀਦੇ ਜਾ ਸਕਦੇ। ਤੱਦੇ ਸਾਡੇ ਮੁਲਕ ਵਿਚ ਕੋਈ ਅਸਲੀ ਹੁਨਰ, ਅਸਲੀ ਸਨਅਤ, ਅਸਲੀ ਅਮੀਰੀ ਪੈਦਾ ਨਹੀਂ ਕੀਤੇ ਜਾ ਸਕੇ।

ਮਨੁਖੀ ਜ਼ਿੰਦਗੀ ਦਾ ਸਹੀ ਤੇ ਸੁੱਚਾ ਸਿੱਕਾ ਸ਼ਖ਼ਸੀਅਤ ਹੈ। ਇਸ ਦੀ ਕੀਮਤ ਸਭ ਥਾਂ ਪੱਕੀ ਤੇ ਅਡੋਲ ਹੈ – ਇਹੀ ਯਕੀਨੀ ਸਿਫ਼ਾਰਸ਼ ਹੈ – ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਸ ਦੇ ਨਾਲ ਕਿਸੇ ਹਿਮਾਇਤੀ ਜਾਂ ਜ਼ਾਮਨ ਦੇ ਜਾਣ ਦੀ ਲੋੜ ਨਹੀਂ।

ਜਿਹੜਾ ਕੋਈ ਆਪਣੇ ਬੱਚਿਆਂ ਨੂੰ ਇਹੋ ਜਿਹੀ ਜਾਇਦਾਦ ਦੇਣਾ ਚਾਹੁੰਦਾ ਹੋਵੇ, ਜਿਸਦੀ ਕੀਮਤ ਸਦਾ ਚੜ੍ਹਦੀ ਹੋਵੇ, ਜਿਹੜੀ ਕਦੇ ਕਿਸੇ ਆਰਥਕ ਮੰਡੀ ਵਿਚ ਵੀ ਹੌਲੀ ਪੈਣ ਵਾਲੀ ਨਾ ਹੋਵੇ, ਤਾਂ ਉਹ ਉਹਨਾਂ ਨੂੰ ਮਨੋਹਰ ਸ਼ਖ਼ਸੀਅਤ ਬਣਾਣ ਵਿਚ ਮਦਦ ਦੇਵੇ।

ਸ਼ਖ਼ਸੀਅਤ ਦੀ ਜਾਇਦਾਦ ਇਕ ਇਕ ਇਟ ਖ਼ੁਦ ਜੋੜ ਕੇ ਬਨਾਣੀ ਪੈਂਦੀ ਹੈ, ਇਹ ਹਰ ਕਿਸੇ ਲਈ ਜ਼ਾਤੀ ਕੋਸ਼ਿਸ਼ਾਂ ਦਾ ਫਲ ਹੁੰਦੀ ਹੈ, ਇਹ ਮਾਪਿਆਂ ਕੋਲੋਂ ਨਹੀਂ ਮਿਲਦੀ – ਇਹ ਬਾਹਰਲੀਆਂ ਰਿਆਇਤਾਂ ਨਾਲ ਨਹੀਂ ਬਣਦੀ; ਇਹ ਜਨਮ, ਦੌਲਤ ਜਾਂ ਜਮਾਂਦਰੂ ਲਿਆਕਤ ਦਾ ਜ਼ਰੂਰੀ ਨਤੀਜਾ ਨਹੀਂ ਹੁੰਦੀ – ਇਹ ਚੰਗੇ ਢੰਗੇ ਅਸੂਲਾਂ ਉੱਤੇ ਕੀਤੇ ਚੰਗੇ ਅਮਲਾਂ ਦਾ ਫਲ ਹੁੰਦੀ ਹੈ।

ਕੁਦਰਤ ਦੇ ਇਸ ਕਾਨੂੰਨ ਲਈ ਸਾਧਾਰਨ ਆਦਮੀ ਨੂੰ ਬੜਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ! ਜਦੋਂ ਇਹ ਯਕੀਨ ਪੱਕਾ ਹੋ ਜਾਏ, ਕਿ ਕੋਈ ਵਿਰਸੇ ਵਿਚ ਕੁਝ ਨਹੀਂ ਲੈ ਸਕਦਾ, ਕੋਈ ਕਿਤੋਂ ਕੁਝ ਚੁਰਾ ਕੇ ਆਪਣਾ ਨਹੀਂ ਬਣਾ ਸਕਦਾ, ਕੋਈ ਕਿਸੇ ਖ਼ੁਸ਼ਾਮਦ ਨਾਲ ਕਿਸੇ ਕੋਲੋਂ ਬ-ਹੱਕੀ ਦਾਤ ਨਹਾਂ ਲੈ ਸਕਦਾ ਤਾਂ ਮੇਰੇ ਵਰਗੇ ਸਾਧਾਰਨ ਆਦਮੀ ਦਾ ਹੌਸਲਾ ਵੀ ਬੜਾ ਵਧ ਜਾਂਦਾ ਹੈ। ਉਹ ਮੁਕਾਬਲੇ ਵਿਚ ਹਾਰਨ ਲਈ ਰਜ਼ਾਮੰਦ ਹੁੰਦਾ ਹੈ, ਉਹਨੂੰ ਮੁਕਾਬਲੇ ਵਿਚ ਜਿੱਤਣ ਵਾਲੇ ਨਾਲ ਕੋਈ ਈਰਖਾ ਨਹੀਂ ਹੁੰਦੀ। ਈਰਖਾ ਸਿਰਫ਼ ਉਦੋਂ ਆਉਂਦੀ ਹੈ, ਜਦੋਂ ਅਸੀ ਸਮਝਦੇ ਹਾਂ, ਕੋਈ ਗੈਰ-ਮੁਨਾਸਬ ਢੰਗਾਂ ਨਾਲ ਸਾਥੋਂ ਅਗੇ ਲੰਘ ਗਿਆ ਹੈ।

ਪਰ ਅਟੱਲ ਕਾਨੂੰਨ ਇਹ ਹੈ, ਕਿ ਇਸ ਜ਼ਿੰਦਗੀ ਦੇ ਇਨਾਮ ਸਿਰਫ ਅਸਲੀ ਜੇਤੂਆਂ ਨੂੰ ਹੀ ਦਿੱਤੇ ਜਾਣਗੇ – ਕੋਈ ਨਾ ਧੋਖੇ ਨਾਲ ਲੈ ਸਕਦਾ ਹੈ, ਨਾ ਖੋਹ ਮੋਹ ਸਕਦਾ ਹੈ।

ਆਦਮੀ ਦੀ ਸ਼ਖ਼ਸੀਅਤ ਉਸ ਦੀ ਇਕੋ ਅਸਲੀਅਤ ਹੈ, ਤੇ ਉਹ ਕਿਸੇ ਤਰ੍ਹਾਂ ਵੀ ਇਸ ਨੂੰ ਛੁਪਾ ਨਹੀਂ ਸਕਦਾ, ਤੇ ਨਾ ਕੋਈ ਇਸ ਨੂੰ ਛੁਟਿਆ ਸਕਦਾ ਹੈ। ਇਹ ਇਕ ਸ਼ਕਤੀ ਹੈ, ਜਿਸਦਾ ਅਸਰ ਰੋਕਿਆ



ਨਹੀਂ ਜਾ ਸਕਦਾ।

ਹਰ ਉੱਦਮੀ ਮਨੁੱਖ ਲਈ ਇਹ ਬੜੀ ਆਸ ਭਰੀ ਸਚਾਈ ਹੈ, ਕਿ ਹਰ ਕੋਈ ਆਪਣੀ ਸ਼ਖ਼ਸੀਅਤ ਬਣਾ ਸਕਦਾ ਹੈ – ਕੀ ਸਿਆਣਾ, ਤੇ ਕੀ ਘਟ ਸਿਆਣਾ, ਕੀ ਗ਼ਰੀਬ ਤੇ ਕੀ ਅਮੀਰ, ਸਿਰਫ਼ ਅਮੀਰ ਲਈ ਕੁਝ ਮੁਸ਼ਕਲਾਂ ਜ਼ਿਆਦਾ ਹਨ।

ਇਸ ਪੁਸਤਕ ਵਿਚ ਉਹ ਖ਼ਿਆਲ ਦਰਜ ਹਨ, ਜਿਨ੍ਹਾਂ ਨੇ ਮੈਨੂੰ ਸਹਾਇਤਾ ਦਿੱਤੀ ਹੈ – ਇਨ੍ਹਾਂ ਵਿਚ ਬਹੁਤ ਥੋੜੇ ਖ਼ਿਆਲ ਮੇਰੇ ਆਪਣੇ ਹਨ, ਬਹੁਤੇ ਮੇਰੇ ਨਾਲੋਂ ਸਿਆਣੇ ਲੋਕਾਂ ਦੇ ਖ਼ਿਆਲ ਹਨ, ਜਿਹੜੇ ਇਹੋ ਜਿਹੀਆਂ ਸ਼ਖ਼ਸੀਅਤਾਂ ਦੇ ਮਾਲਕ ਸਨ, ਕਿ ਹਰ ਕਿਸੇ ਦਾ ਮਨ ਆਪਣਾ ਬਣਾ ਲੈਂਦੇ ਸਨ।

ਸਾਡੇ ਅਮਲ, ਸਾਡੇ ਸ਼ਬਦ, ਸਾਡੀ ਝਾਕੀ, ਸਾਡੀ ਚਾਲ – ਇਹ ਸਭ ਸਾਡੀ ਸ਼ਖ਼ਸੀਅਤ ਦੇ ਬੁਲਾਰੇ ਹਨ। ਇਕ ਪਾਸਿਉਂ ਜੇ ਕੋਈ ਇਹਤਿਆਤ ਕਰ ਕੇ ਆਪਣਾ ਆਪ ਲੁਕਾ ਲੈਂਦਾ ਹੈ, ਤਾਂ ਦੂਜੇ ਪਾਸਿਉਂ ਨੰਗਾ ਹੋ ਜਾਂਦਾ ਹੈ। ਲੁਕਣਾ ਛਿਪਣਾ ਤੇ ਭੇਸ ਵਟਾਣਾ ਨਿਸਫਲ ਹਨ, ਸਭ ਕੁਝ ਰੋਸ਼ਨ ਰਹਿੰਦਾ ਹੈ–ਭਾਵੇਂ ਸਾਡੇ ਮੂੰਹ ਤੇ ਸਾਨੂੰ ਕੋਈ ਕੁਝ ਨਾ ਆਖਦਾ ਹੋਵੇ, ਪਰ ਅਸੀ ਕਿਸੇ ਕੋਲੋਂ ਗੁੱਝੇ ਨਹੀਂ ਰਹਿ ਸਕਦੇ। ਸਾਡਾ ਨੌਕਰ, ਸਾਡਾ ਦੁਕਾਨਦਾਰ, ਸਾਡਾ ਮਿਤ੍ਰ ਸਨੇਹੀ, ਸਾਡੇ ਨਾਲ ਵਾਹ ਰਖਣ ਵਾਲਾ – ਹਰ ਕੋਈ ਸਾਨੂੰ ਛੇਤੀ ਹੀ ਜਾਣ ਜਾਂਦਾ ਹੈ, ਭੁਲੇਖੇ ਸਵੇਰੇ ਜਾਂ ਅਵੇਰੇ ਦੂਰ ਹੋ ਜਾਂਦੇ ਹਨ। ਝੂਠੀ ਨਿੰਮ੍ਰਤਾ, ਝੂਠੀ ਵਿਦਵਤਾ, ਝੂਠੀ ਸਫ਼ਾਈ, ਝੂਠੀ ਹਮਦਰਦੀ ਝੂਠੀ ਦਿਆਨਤਦਾਰੀ–ਸਭ ਦਾ ਪਾਜ ਅਜ ਨਹੀਂ ਕਲ ਉੱਘੜ ਜਾਏਗਾ।

ਇਸ ਲਈ ਸਭ ਤੋਂ ਚੰਗੀ ਜੀਵਨ-ਜਾਚ ਇਹੀ ਹੈ, ਕਿ ਆਪਣੀ ਸ਼ਖ਼ਸੀਅਤ ਨੂੰ ਭਰਪੂਰ ਕਰਦੇ ਜਾਈਏ – ਜੋ ਅਜ ਸਾਡੇ ਕੋਲ ਹੈ, ਉਹ ਨਿੱਝਕ ਹੋ ਕੇ ਪੇਸ਼ ਕਰੀਏ, ਨਾ ਸੰਗੀਏ, ਨਾ ਸ਼ਰਮਾਈਏ – ਕਿਉਂਕਿ ਅਸੀ ਦਸੀਏ ਭਾਵੇਂ ਨਾ ਦਸੀਏ, ਉੱਜਲਾ ਸਭ ਕੁਝ ਹੋ ਜਾਂਦਾ ਹੈ। ਝੂਠੀਆਂ ਤੁਹਮਤਾਂ ਦਾ ਦੁਖ ਨਾ ਕਰੀਏ – ਇਹ ਲਹਿ ਜਾਣਗੀਆਂ – ਪਰ ਝੂਠੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.